# ਅਜਮੇਰ ਸਿੱਧੂ ਦਾ ਕਥਾ ਜਗਤ :
## ਸਮਾਜ-ਸਭਿਆਚਾਰਕ ਸਰੋਕਾਰ



**ਨਵਜੋਤ ਸਿੰਘ**
ਅਸਿਸਟੈਂਟ ਪ੍ਰੋਫ਼ੈਸਰ
ਖ਼ਾਲਸਾ ਕਾਲਜ ਆਫ਼ ਫ਼ਿਜੀਕਲ ਐਜੂਕੇਸ਼ਨ
ਅੰਮ੍ਰਿਤਸਰ
98146-05517
navjotsinghsodhi88@gmail.com

ਸਮਕਾਲੀ ਪੰਜਾਬੀ ਕਹਾਣੀ ਵਿਚ ਅਜਮੇਰ ਸਿੱਧੂ ਸਥਾਪਿਤ ਕਹਾਣੀਕਾਰ ਹੈ। ਉਸਦੀਆਂ ਬਹੁਤ ਸਾਰੀਆਂ ਕਹਾਣੀਆਂ ਦੇ ਵਿਸ਼ੇ ਕਿਸੇ ਨਾ ਕਿਸੇ ਪੱਖ ਤੋਂ ਚਰਚਾ ਦਾ ਵਿਸ਼ਾ ਬਣਦੇ ਰਹੇ ਹਨ। ਉਹ ਜਿੱਥੇ ਸਮਕਾਲੀ ਵਸਤੂ ਯਥਾਰਥ ਦੀਆਂ ਡੂੰਘੀਆਂ ਪਰਤਾਂ ਫਰੋਲਣ ਵਾਲੇ ਕਹਾਣੀਕਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਉਥੇ ਉਸਨੂੰ ਆਪਣੀ ਕਹਾਣੀ ਵਿਚ ਕੀਤੇ ਨਵੇਂ ਪ੍ਰਯੋਗ ਕਰਕੇ ਵੀ ਵਿਸ਼ੇਸ਼ ਮਾਨਤਾ ਪ੍ਰਾਪਤ ਹੋਈ ਹੈ। ਸਿੱਧੂ ਦੀ ਕਹਾਣੀ ਦਾ ਰਚਨਾ ਕਾਲ ਉਸ ਦੌਰ ਦੇ ਨਾਲ ਜੁੜਦਾ ਹੈ ਜਦੋਂ ਪੰਜਾਬੀ ਸਮਾਜ-ਸਭਿਆਚਾਰ ਵਿਸ਼ੇਸ਼ ਕਿਸਮ ਦੀਆਂ ਤਬਦੀਲੀਆਂ ਦੇ ਰੂਬਰੂ ਹੁੰਦਾ ਹੈ। ਇਹ ਦੌਰ ਵਿਸ਼ਵੀਕਰਨ, ਉਦਾਰੀਕਰਣ ਅਤੇ ਨਿੱਜੀਕਰਣ ਦੇ ਦਖ਼ਲ ਦਾ ਹੈ ਜਿਹੜਾ ਪਿੱਛੋਂ ਕਾਰਪੋਰੇਟ ਸੈਕਟਰ ਦੀ ਅੰਨ੍ਹੀ ਚੜ੍ਹਤ ਦੇ ਰੂਪ ਵਿਚ ਜ਼ਿੰਦਗੀ ਦੇ ਹਰ ਪਹਿਲੂ ਨੂੰ ਆਪਣੀ ਲਪੇਟ ਵਿਚ ਲੈਂਦਾ ਹੈ। "ਸਿੱਧੂ ਦੀ ਕਹਾਣੀ ਦੀ ਕੇਂਦਰੀ ਜੁਗਤ ਸਮਕਾਲੀ ਜੀਵਨ ਦੇ ਤਿੱਖੇ, ਭਿਆਨਕ ਪਰ ਬਹੁਤੀ ਵਾਰੀ ਅਣਗੌਲੇ ਮਸਲੇ ਨੂੰ ਗਲਪੀ ਬਿੰਬ ਵਿਚ ਢਾਲਣ ਦੀ ਹੈ। ਉਸਦੀ ਹਰੇਕ ਕਹਾਣੀ ਵਿਚ ਇਕ ਬੀਜ ਮੂਲਕ ਸੂਤਰ ਇੰਨੀ ਬਰੀਕੀ ਅਤੇ ਨਿਪੁੰਨਤਾ ਨਾਲ ਉਕਰਿਆ ਹੁੰਦਾ ਹੈ। ਉਹ ਕਹਾਣੀ ਦੇ ਕੇਂਦਰੀ ਥੀਮ ਦਾ ਸਪਾਟ ਬਿਆਨ ਜਾਂ ਸਿੱਧਾ ਵੇਰਵਾ ਦੇਣੋਂ ਸੁਚੇਤ ਤੌਰ 'ਤੇ ਗੁਰੇਜ ਕਰਦਾ ਹੈ। ਇਉਂ ਜਾਪਦਾ ਹੈ ਜਿਵੇਂ ਉਹ ਕਥਾ ਦੇ ਮੂਲ ਸੰਦੇਸ਼ ਨੂੰ ਮਨ ਵਿਚ ਟਿਕਾਈ ਇਕ ਰਹੱਸ ਦਾ ਵਾਤਾਵਰਣ ਸਿਰਜ ਰਿਹਾ ਹੋਵੇ। ਰਹੱਸ ਦਾ ਇਕ ਅਜਿਹਾ ਦਾਇਰਾ ਜੋ ਚੁਣੇ ਪਾਤਰਾਂ ਦੇ ਜੀਵਨ ਸਾਰ ਦਾ ਅਤਿਅੰਤ ਤੂਫਾਨੀ ਖੌਫ਼ਨਾਕ ਅਤੇ ਸੰਕਟਸ਼ੀਲ ਪਸਾਰ ਲੁਕੋਈ ਬੈਠਾ ਹੁੰਦਾ ਹੈ। ਪਰ ਸਿੱਧੂ ਇਸ ਸਥਿਤੀ ਤੇ ਰਹੱਸ ਨੂੰ ਲਗਾਤਾਰ ਬਰਕਰਾਰ ਹੀ ਨਹੀਂ ਰੱਖਦਾ ਸਗੋਂ ਬਿਰਤਾਂਤਕ ਛੋਹਾਂ ਰਾਹੀਂ ਹੋਰ ਗਾੜ੍ਹਾ ਅਤੇ ਡੂੰਘਾ ਵੀ ਕਰਦਾ ਹੈ।[1]

'ਸ਼ਾਇਦ ਰੱਮੀ ਮੰਨ ਜਾਏ', 'ਈਵਾਨ ਇਲੀਚ ਦੀ ਦੂਜੀ ਮੌਤ', 'ਖੂਹ ਗਿੜਦਾ ਹੈ', 'ਹੈਲੋ ਡੌਗ', 'ਜਹਾਜ਼ ਵਾਲੀ ਟੈਂਕੀ' ਅਤੇ 'ਖੁਸ਼ਕ ਅੱਖ ਦਾ ਖ਼ਾਬ' ਨਾਮੀ ਕਹਾਣੀਆਂ ਵਿਚ ਵਿਸ਼ਵ ਸਰਮਾਏਦਾਰੀ ਦੇ ਪ੍ਰਭਾਵ ਅਧੀਨ ਪੰਜਾਬੀ ਸਭਿਆਚਾਰ ਦੇ ਉਪਭੋਗੀ ਸਭਿਆਚਾਰ ਵਿਚ ਤਬਦੀਲ ਹੋਣ ਦੇ ਬਿਰਤਾਂਤ ਦੀ ਪੇਸ਼ਕਾਰੀ ਮਿਲਦੀ ਹੈ। ਸਰਮਾਏਦਾਰੀ ਵਿਵਸਥਾ ਨੇ ਨਾ ਕੇਵਲ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਹੀ ਠੇਸ ਪਹੁੰਚਾਈ ਸਗੋਂ ਅਜਿਹਾ ਹੋਣ ਨਾਲ ਸਾਡੀਆਂ ਖੇਤਰੀ ਸਭਿਆਤਾਵਾਂ, ਮਾਨਤਾਵਾਂ ਅਤੇ ਸਮਾਜਕ ਪ੍ਰਬੰਧਾਂ ਦੀਆਂ ਜੜ੍ਹਾਂ ਵੀ ਹਿੱਲੀਆਂ ਹਨ। ਸਿੱਧੂ ਦੀਆਂ ਕਹਾਣੀਆਂ ਵਿਚ ਖਪਤ ਸਭਿਆਚਾਰ ਦੇ ਪ੍ਰਭਾਵ ਹੇਠ ਕੁੜੀਆਂ ਦੀ ਦੇਹ ਦੇ ਮੰਡੀਕਰਨ ਦੀ ਰੁਚੀ ਔਰਤ ਪਾਤਰਾਂ ਤਕ ਸੀਮਤ ਨਾ ਹੋ ਕੇ ਸਮੁੱਚੇ ਪੰਜਾਬੀ ਭਾਈਚਾਰੇ ਦੀ ਹੋਣੀ ਬਣ ਚੁੱਕੀ ਹੈ ਜਿਵੇਂ ਉਸਦੀ ਕਹਾਣੀ 'ਸ਼ਾਇਦ ਰੱਮੀ ਮੰਨ ਜਾਏ' ਵਿਚ ਹੁੰਦਾ ਹੈ। ਉਪਭੋਗੀ ਮਾਨਸਿਕਤਾ ਗਲੋਬਲੀ

ਵਰਤਾਰਿਆਂ ਵਿਚੋਂ ਹੀ ਆਪਣੀ ਹੋਂਦ ਗ੍ਰਹਿਣ ਕਰਦੀ ਹੈ ਜਦੋਂ ਪੂੰਜੀਵਾਦੀ ਪ੍ਰਬੰਧ ਆਪਣੇ ਮੁਨਾਫ਼ੇ ਦੇ ਵਸਲਿਆਂ ਨੂੰ ਵਿਸ਼ਵ ਦੀਆਂ ਹੱਦਾਂ-ਸਰਹੱਦਾਂ ’ਤੇ ਲੈ ਜਾਂਦਾ ਹੈ ਤਾਂ ਪੂੰਜੀ ਫੈਲਾਅ ਮਨੁੱਖੀ ਮਾਨਸਿਕਤਾ ਉੱਤੇ ਆਪਣਾ ਪ੍ਰਭਾਵ ਪਾਉਂਦਾ ਹੈ। ਇਸ ਕਹਾਣੀ ਵਿਚਲਾ ਪਾਤਰ ਬਿਮਲਾ ਅਤੇ ਉਸ ਦੀਆਂ ਕੁੜੀਆਂ ਰੱਜੂ ਅਤੇ ਲੱਭੂ ਵਿਸ਼ਵ ਸਰਮਾਏ ਦੁਆਰਾ ਸਥਾਪਿਤ ਉਪਭੋਗਵਾਦੀ ਵਿਵਸਥਾ ਦੀ ਜਕੜ ਵਿਚ ਪੂਰੀ ਤਰ੍ਹਾਂ ਫਸ ਚੁੱਕੀਆਂ ਹਨ। ਤਾਰੋ ਆਪਣੀ ਧੀ ਰੰਮੀ ਨੂੰ ਡਾਂਸਰ ਬਣਾ ਕੇ ਘਰ ਦੇ ਹਲਾਤ ਬਦਲਣਾ ਚਾਹੁੰਦੀ ਹੈ। ਵਿਸ਼ਵੀਕਰਨ ਦੇ ਵਰਤਾਰੇ ਨੇ ਉਸ ਵਿਚ ਭਾਂਜਵਾਦੀ ਰੁਚੀ ਪੈਦਾ ਕਰ ਦਿੱਤੀ ਹੈ। "ਚੰਗੇ ਅਤੇ ਸਫਲ ਜੀਵਨ ਦਾ ਅਰਥ ਹੁਣ ਮਾਨਵੀ ਗੌਰਵ ਅਤੇ ਸਮਾਜਿਕ ਮਰਿਯਾਦਾ ਅਨੁਸਾਰ ਜਿਉਣਾ ਨਹੀਂ ਬਲਕਿ ਵੱਧ ਪੂੰਜੀ ਦਾ ਮਾਲਕ ਹੋਣਾ ਅਤੇ ਉਸ ਦੇ ਰਾਹੀਂ ਇੰਦਰਿਆਵੀ ਸੁਹਜ-ਸੁਆਦਾਂ ਦੀ ਬੇਰੋਕ-ਟੋਕ ਅਤੇ ਭਰਪੂਰ ਤ੍ਰਿਪਤੀ ਕਰਨਾ ਹੈ।”[2] ਇਕ ਪਾਸੇ ਤਾਂ ਤਾਰੋ ਨੂੰ ਉਸਦੀ ਭਰਜਾਈ ਬਿਮਲਾ ਦੇ ਘਰ ਦੀ ਸ਼ਾਨੋ-ਸ਼ੌਕਤ ਆਪਣੇ ਵੱਲ ਖਿੱਚਦੀ ਹੈ।

> ਇਹ ਰੱਜੂ ਦਾ ਵਾਸ਼-ਰੂਮ ਆ। ਆਹ ਉਪਰੋਂ ਰੇਨਿੰਗ ਵਾਟਰ ਡਿੱਗਦਾ। ਸਾਇਡ ਤੋਂ ਮਸਾਜ਼ ਵਾਟਰ ਆ। ਆਹ। ਆਹ। ਬਾਕੀ ਤਿੰਨਾਂ ਦੇ ਵੀ ਇੱਦਾਂ ਦੇ ਬਣਾਉਣੇ ਆ।[3]

ਦੂਸਰੇ ਪਾਸੇ ਉਸਦੇ ਮਰ ਚੁੱਕੇ ਭਰਾ ਸੱਤੇ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਉਸਦਾ ਖਹਿੜਾ ਨਹੀਂ ਛੱਡਦੀ।

> ਜੇ ਭੁੱਖੇ ਮਰਦੇ ਆ। ਤਾਂ ਕੀ ਧੀਆਂ ਭੈਣਾਂ ਨੂੰ ਜਿਸਮ ਵੇਚਣ ਲਾ ਦੇਈਏ? ਸਾਲਿਓ! ਸ਼ਰਮ ਕਰੋ।[4]

ਇਸ ਤਰ੍ਹਾਂ ਇਕ ਇਨਕਲਾਬੀ ਪਾਤਰ ਦੀ ਪਾਈ ਹੋਈ ਲਾਹਨਤ ਮੈਂ-ਪਾਤਰ ਨੂੰ ਧੁਰ ਅੰਦਰ ਤਕ ਕੰਬਾ ਦਿੰਦੀ ਹੈ। 'ਖੂਹ ਗਿੜਦਾ ਹੈ' ਕਹਾਣੀ ਵੀ ਇਸੇ ਸੰਦਰਭ ਵਿਚ ਮੌਲਿਕ ਪਾਸਾਰ ਸਿਰਜਦੀ ਹੈ। ਕਹਾਣੀ ਵਿਚ ਮੰਡੀਕਰਨ ਦੇ ਦੌਰ ਅੰਦਰ ਪ੍ਰਚਲਿਤ ਅਨੈਤਿਕ ਦੇਹਵਾਦੀ ਖੁੱਲਾਂ ਅਤੇ ਨਸ਼ਿਆਂ ਦੇ ਆਦੀ ਹੋ ਚੁੱਕੇ ਨੌਜਵਾਨਾਂ ਦੀ ਅਸੰਤੁਲਿਤ ਮਾਨਸਿਕਤਾ ਦੇ ਮਾਰਮਿਕ ਪਾਸਾਰਾਂ ਨੂੰ ਉਤਮਪੁਰਖੀ ਮੈ ਵਕਤਾ ਬਿਰਤਾਂਤ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ। 'ਈਵਾਨ ਈਲੀਚ ਦੀ ਦੂਜੀ ਮੌਤ' ਕਹਾਣੀ ਖਪਤ ਸਭਿਆਚਾਰ ਦੇ ਪੜਖੱਚੇ ਉਡਾਉਂਦੀ ਵਿਸ਼ਵੀਕਰਨ ਦੀ ਮਾਰਮਿਕ ਰੁਚੀ ਦਾ ਆਭਾਸ ਕਰਵਾਉਂਦੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਹਰਸੇਵ ਵਿਸ਼ਵੀਕਰਨ ਦੇ ਸਾਮਰਾਜੀ ਹਮਲੇ ਦਾ ਡੰਗਿਆ ਆਪਣੇ ਹੀ ਘਰ ਵਿਚ ਆਪਣਿਆਂ ਤੋਂ ਦੂਰ ਲਾਇਲਾਜ ਬਿਮਾਰੀ ਨਾਲ ਜੱਦੋਂ-ਜਹਿਦ ਕਰ ਰਿਹਾ ਹੈ। ਪੂੰਜੀਵਾਦ ਦੇ ਪ੍ਰਭਾਵ ਕਾਰਨ ਹਰਸੇਵ ਵਰਗਾ ਪੜ੍ਹਾਈ ਪ੍ਰਤਿ ਸੁਹਿਰਦ, ਅੱਗੇ ਵਧਣ ਅਤੇ ਪੈਸਾ ਕਮਾਉਣ ਦਾ ਚਾਹਵਾਨ, ਨੈਤਿਕ ਮੁੱਲਾਂ ਨੂੰ ਪ੍ਰਨਾਇਆ ਹੋਣਹਾਰ ਪਾਤਰ ਅਯਾਸ਼ੀ ਅਤੇ ਉਪਭੋਗੀ ਸਭਿਆਚਾਰ ਦੀ ਮਾਰ ਤੋਂ ਨਹੀਂ ਬਚ ਸਕਿਆ। 'ਜਹਾਜ਼ ਵਾਲੀ ਟੈਂਕੀ' ਕਹਾਣੀ ਵਿਚ ਕਹਾਣੀਕਾਰ ਪਰਵਾਸ ਧਾਰਨ ਕਰਨ ਦੇ ਪਿਛੋਕੜ ਵਿਚ ਕੰਮ ਕਰਦੀਆਂ ਉਪਭੋਗੀ ਬਿਰਤੀਆਂ ਨੂੰ ਉਘਾੜਨ ਦਾ ਜਤਨ ਕਰਦਾ ਹੈ। 'ਜਹਾਜ਼ ਵਾਲੀ ਟੈਂਕੀ' ਉਸ ਸਾਮਰਾਜ ਦਾ ਚਿੰਨ ਹੈ ਜੋ ਮਨੁੱਖ ਅੰਦਰ ਚੀਜਾਂ ਨੂੰ ਭੋਗਣ ਦੀਆਂ ਲਾਲਸਾਵਾਂ ਪੈਦਾ ਕਰਦਾ ਹੈ। 'ਖੁਸ਼ਕ ਅੱਖ ਦਾ ਖ਼ਾਬ' ਕਹਾਣੀ ਵਰਤਮਾਨ ਪ੍ਰਸਥਿਤੀਆਂ ਦੀ ਤਾਰਕਿਕ ਪੜ੍ਹਚੋਲ ਕਰਨ ਦੇ ਨਾਲ ਬਿਰਤਾਂਤ ਨੂੰ ਦਿਸ਼ਾ ਪ੍ਰਦਾਨ ਕਰਦੀ ਹੈ। ਇਹ ਕਹਾਣੀ ਜਿੱਥੇ ਪੀੜ੍ਹੀ ਪਾੜੇ ਦਾ ਵਰਣਨ ਕਰਦੀ ਹੈ, ਉੱਥੇ ਸਮਾਜ ਵਿਚ ਲਿੰਗ ਅਧਾਰਿਤ ਭੇਦ-ਭਾਵ 'ਤੇ ਵੀ ਵਿਅੰਗ ਕਰਦੀ ਹੈ ਗਲੋਬਲਾਈਜੇਸ਼ਨ ਦੇ ਪ੍ਰਭਾਵ ਨਾਲ ਨਵੀਂ ਪੀੜ੍ਹੀ ਦੀ ਸੋਚ ਖਪਤਕਾਰੀ ਰੁਚੀਆਂ ਵਾਲੀ ਹੋ ਗਈ ਹੈ ਨੌਜਵਾਨ ਨਸ਼ਿਆਂ ਵਿਚ ਗਲਤਾਨ ਹੋ ਕੇ ਆਪਣੇ ਮਾਤਾ-ਪਿਤਾ ਦਾ ਕਤਲ ਕਰਕੇ ਧਨ ਦੌਲਤ ਤੇ ਕਬਜਾ ਕਰਕੇ ਐਸ਼ੋ-ਆਰਾਮ ਦੀ ਜ਼ਿੰਦਗੀ ਗੁਜ਼ਾਰਨਾ ਚਾਹੁੰਦੇ ਹਨ।

> ਉਏ ਬੁੱਢਿਓ, ਅੱਜ ਤਹਾਨੂੰ ਮਾਰਨਾ ਆ ਤਹਾਨੂੰ ਮਾਰਨਾ ਈ ਮਾਰਨਾ ਹੈ ਤਹਾਨੂੰ ਕੋਈ ਨਹੀਂ ਬਚਾਅ ਸਕਦਾ।[5]

ਸਮਾਜ ਵਿਚ ਔਰਤ ਦੀ ਸਥਿਤੀ ਦੀਆਂ ਵਿਭਿੰਨ ਪਰਤਾਂ ਦੇ ਵੇਰਵੇ ਅਜਮੇਰ ਸਿੱਧੂ ਦੀਆਂ ਕਹਾਣੀਆਂ ਵਿਚ ਬੜੇ ਸੁਚੱਜੇ ਢੰਗ ਨਾਲ ਪੇਸ਼ ਹੋਏ ਹਨ। 'ਉਨੀਂਦੀ ਨਦੀ', 'ਨਾਸੂਰ' ਅਤੇ ਪਿੱਠਭੂਮੀ ਵਿਚ ਸਾਡੇ ਸਮਾਜਕ, ਸਭਿਆਚਾਰਕ, ਧਾਰਮਿਕ ਤੇ ਆਰਥਿਕ ਵਰਤਾਰੇ ਦੇ ਕਈ ਪੱਖ ਸਾਹਮਣੇ ਆਉਂਦੇ ਹਨ ਪਰ ਉਹਨਾਂ ਦੇ ਅੰਤਰਗਤ ਮੁੱਖ ਤੌਰ ’ਤੇ ਔਰਤ ਦੀ ਸਥਿਤੀ ਧਿਆਨ ਖਿੱਚਦੀ ਹੈ। ਨਾਸੂਰ ਤੇ ਪਿੱਠਭੂਮੀ ਨਾਂ ਦੀਆਂ ਕਹਾਣੀਆਂ ਵਿਚ ਇਕ ਅਜਿਹੀ ਔਰਤ ਦਾ ਚਿਤਰਨ ਹੈ ਜਿਸਦੇ ਪਰਨਾਏ ਜਾਣ ਦੀ ਲੋੜ ਦੀ ਪੂਰਤੀ ਵੱਲੋਂ ਉਸਦੇ ਮੰਗਲੀਕ ਹੋਣ ਕਰਕੇ ਅਤੇ ਫਿਰ ਪੇਕੇ ਪਰਿਵਾਰ ਦੀ ਬੇਧਿਆਨੀ ਕਰਕੇ ਦੇਰੀ ਹੁੰਦੀ ਰਹੀ। ਇਸ ਸਥਿਤੀ ਵਿਚ ਆਪਣੀ ਸਰੀਰਕ ਤ੍ਰਿਪਤੀ ਲਈ ਪਹਿਲਾਂ ਉਹ ਘਰ ਦੇ ਨੌਕਰ ਨਾਲ ਅਤੇ ਫਿਰ ਆਪਣੇ ਲਈ ਸਹਾਰਾ

ਬਣਨ ਵਾਲੇ ਜੋਤਸ਼ੀ ਨਾਲ ਜੁੜ ਗਈ। ਜੋ ਅਖੀਰ ਵਿਚ ਉਸਦਾ ਵਿਆਹ ਹੋਇਆ ਵੀ ਤਾਂ ਏਸੇ ਪਿਛੋਕੜ ਕਰਕੇ ਹੀ ਛੇਤੀ ਪਿੱਛੋਂ ਉਹ ਪਤੀ ਵੱਲੋਂ ਤਿਆਗ ਦਿੱਤੀ ਗਈ। 'ਇਸ ਵਾਰ ਨਹੀਂ ਹੈ' ਕਹਾਣੀ ਦੀ ਪਾਤਰ ਕਰਤਾਰ ਕੌਰ ਸਾਰੀ ਉਮਰ ਦੁੱਖ ਸਹਿੰਦੀ ਹੈ। ਉਸਦਾ ਕਸੂਰ ਇਹ ਸੀ ਕਿ ਉਹ ਆਪਣੇ ਫੌਜੀ ਪਤੀ ਨੂੰ ਹਰ ਵੇਲੇ ਆਪਣੇ ਕੋਲ ਰੱਖਣਾ ਚਾਹੁੰਦੀ ਸੀ ਕਿਉਂਕਿ ਉਸ ਦੀ ਅਲੜ੍ਹ ਉਮਰ ਤੇ ਚੜ੍ਹਦੀ ਜਵਾਨੀ ਦਾ ਵੇਲਾ ਸੀ ਇਸਦੀ ਬੜੀ ਵੱਡੀ ਕੀਮਤ ਪਤੀ ਨੂੰ ਹੱਥੋਂ ਗੁਆ ਕੇ ਹੀ ਉਸਨੂੰ ਤਾਰਨੀ ਪਈ। ਉਸ ਮਗਰੋਂ ਸੁਹਰੇ ਘਰ ਦੀਆਂ ਲਾਹਨਤਾਂ ਉਹਨਾਂ ਦੀਆਂ ਰਵਾਇਤਾਂ ਨੇ ਉਸਦੀ ਜਵਾਨੀ ਨੂੰ ਤੜਫਣ ਲਈ ਰੱਖਿਆ। ਜਿਸ ਮਗਰੋਂ ਇਕੱਲਾਪਨ, ਪਾਗਲਪਨ ਦੀ ਹੱਦ ਤਕ ਪਹੁੰਚ ਗਿਆ। ਸਾਰੀ ਉਮਰ ਦੁੱਖਾਂ 'ਚੋ ਤੇ ਦੋ ਚਾਰ ਸਾਲ ਉਸਨੇ ਵੱਡੇ ਪੁੱਤਰ ਵੇਲੇ ਸੁਖ ਦੇ ਦੇਖੇ ਪਰ ਛੋਟਾ ਪੁੱਤਰ ਬਹਾਦਰ ਵੀ ਆਪਣੇ ਖ਼ੂਨ ਦਾ ਪੱਕਾ, ਡਾਢੀਆਂ ਰਵਾਇਤਾਂ ਨੂੰ ਪਾਲਨ ਕਰਨ ਲਈ ਮਾਂ ਤੇ ਧੀ ਨੂੰ ਮਾਰਨ ਲਈ ਤਿਆਰ ਫਿਰਦਾ ਹੈ। ਪਰ ਜਵਾਨ ਵਿਧਵਾ ਹੋਈ ਰੂਪਾਲੀ ਜਦੋਂ ਰਵਾਇਤਾਂ ਨੂੰ ਮੰਨਣ ਤੋਂ ਇਨਕਾਰ ਕਰਦੀ ਹੈ ਤਾਂ ਉਸਦਾ ਸਾਥ ਦੇਣ ਲਈ ਦੁੱਖਾਂ ਦੀ ਮਾਰੀ, ਹਫੀ ਹੋਈ ਬੁੱਢੀ ਦਾਦੀ ਉਸ ਨਾਲ ਹੈ। ਜਿਸਦਾ ਕਸੂਰ ਸਿਰਫ ਇਹ ਕਿ ਉਹ ਜ਼ਿੰਦਗੀ ਨੂੰ ਜ਼ਿੰਦਗੀ ਵਾਂਗ, ਆਪਣੀਆਂ ਸਾਰੀਆਂ ਖਾਹਿਸ਼ਾਂ ਪੂਰੀਆਂ ਕਰਦੇ ਹੋਏ ਜਿਊਣੇ ਚਾਹੁੰਦੀ ਸੀ।

ਦੇਸ਼ ਵੰਡ ਸਮੇਂ ਫ਼ਿਰਕੂ ਮਾਰ-ਧਾੜ ਦੇ ਅਮਾਨਵੀਂ ਵਰਤਾਰੇ ਨੂੰ 'ਇਕਬਾਲ ਹੁਸੈਨ ਮੋਇਆ ਨਹੀਂ', 'ਨੋ ਮੈਨਜ ਲੈਂਡ' ਅਤੇ 'ਬਲਦੇ ਚਿਰਾਗ' ਨਾਂ ਦੀਆਂ ਕਹਾਣੀਆਂ ਵਿਚ ਛੋਹਿਆ ਗਿਆ ਹੈ। ਸੰਨ ਸੰਤਾਲੀ ਦੇ 'ਰੋਲਿਆਂ' ਦੌਰਾਨ ਖ਼ਾਸ ਤੌਰ 'ਤੇ ਔਰਤ ਉੱਤੇ ਹੋਏ ਜ਼ੁਲਮ ਨੂੰ ਬਹੁਤ ਸੰਵੇਦਨਸ਼ੀਲਤਾ ਨਾਲ ਚਿਤਰਨ ਵਾਲੀ ਕਹਾਣੀ 'ਇਕਬਾਲ ਹੁਸੈਨ ਮੋਇਆ ਨਹੀਂ' ਇਸ ਕਹਾਣੀ ਵਿਚ ਜਮੀਲਾ ਵਰਗੀ ਔਰਤ ਨੂੰ ਜ਼ਬਰਦਸਤੀ ਅੰਮ੍ਰਿਤ ਛਕਾ ਕੇ, ਗਲ ਗਾਤਰਾ ਪਾ ਉਸਨੂੰ ਸਿੰਘਣੀ ਬਣਾ ਦਿੱਤਾ ਜਾਂਦਾ ਹੈ ਪਰ ਵਾਸਤਵ ਵਿਚ ਉਹ ਕਦੇ ਵੀ ਸਿੰਘਣੀ ਨਾ ਬਣ ਸਕੀ। ਸਾਰੀ ਉਮਰ ਉਹ ਆਪਣੇ ਧਰਮ, ਆਪਣੇ ਦਾਦੇ ਦੀਆਂ ਰੀਤਾਂ ਰਵਾਇਤਾਂ ਨੂੰ ਯਾਦ ਕਰਦੀ ਰਹੀ। ਕਦੇ ਵੀ ਜ਼ਬਰੀ ਬਣੇ ਖ਼ਸਮ ਨੂੰ ਪਤੀ ਦੇ ਰੂਪ ਵਿਚ ਅਪਣਾ ਨਾ ਸਕੀ। ਅਖ਼ੀਰ ਉਸਨੂੰ ਚੈਨ ਉਦੋਂ ਮਿਲਿਆ। ਜਦੋਂ ਉਸ ਦਾ ਜੰਮਿਆ ਪੁੱਤਰ ਸਰਦਾਰ ਹੋ ਕੇ ਬਾਬਾ ਪੀਰ ਦਾ ਸ਼ਾਗਿਰਦ ਬਣ ਉਹਨਾਂ ਦਾ ਗੱਦੀਨਸ਼ੀਨ ਬਣ ਗਿਆ

> ਅੱਜ ਮੈਂ ਜਨਮ ਭੋਇ 'ਤੇ ਬੈਠੀ ਹਾਂ ਮੇਰੇ ਪੁੱਤ ਨੂੰ ਨੁਸਰਖਾਂ ਦੇ ਇੰਤਕਾਲ ਤੋਂ ਬਾਅਦ ਗੱਦੀ 'ਤੇ ਬਿਠਾ ਦਿੱਤਾ ਗਿਆ ਤੇ ਉਹ ਬਲਵੀਰ ਤੋਂ ਦਾਦੂ ਸ਼ਾਹ ਬਣ ਗਿਆ।[6]

'ਬਲਦੇ ਚਿਰਾਗ' ਕਹਾਣੀ ਵਿਚ ਕਹਾਣੀਕਾਰ ਰਿਆਜ ਅਹਿਮਦ ਅਤੇ ਨਿਰਮਲਾ ਦੀ ਮੁਹੱਬਤ ਵਿਚਲੀ ਤਪਸ਼ ਵਾਂਗ ਭਾਰਤ ਪਾਕਿ ਵਿਚਲੇ ਰਿਸ਼ਤਿਆਂ ਨੂੰ ਮੱਘਦੇ ਰੱਖਣਾ ਚਾਹੁੰਦਾ ਹੈ। ਕਹਾਣੀ ਵਿਚ ਬਲਦਾ ਚਿਰਾਗ ਦੇਸ਼ ਵੰਡ ਸਮੇਂ ਹੋਏ ਫਿਰਕੂ ਫਸਾਦਾਂ ਤੋਂ ਬਾਅਦ ਵੀ ਲੋਕ ਮਨਾਂ ਵਿਚ ਆਪਸੀ ਪਿਆਰ ਮੁਹੱਬਤ ਨੂੰ ਬਣਾਈ ਰੱਖਣ ਦੀ ਤਰਜ਼ਮਾਨੀ ਕਰਦਾ ਹੈ। ਰਿਆਜ ਅਹਿਮਦ ਸੰਤਾਲੀ ਵਿਚ ਹੋਏ ਦੰਗਿਆਂ ਕਾਰਨ ਪਾਕਿਸਤਾਨ ਜਾ ਵਸਦਾ ਹੈ ਫਿਰ ਕਈ ਸਾਲਾਂ ਬਾਅਦ ਜਦੋਂ ਉਹ ਆਪਣੇ ਪੁਰਾਣੇ ਘਰ ਬੰਗੇ ਵਾਪਿਸ ਆਉਂਦਾ ਹੈ ਤਾਂ ਉਹ ਆਪਣੀ ਮਾਂ ਤੇ ਨਿਰਮਲਾ ਨੂੰ ਯਾਦ ਕਰਦਾ ਹੋਇਆ ਅੱਖਾਂ ਭਰ ਆਉਂਦਾ।

> ਦੇਸ਼ ਕਾਹਦਾ ਵੰਡਿਆ ਗਿਆ ਮੈਨੂੰ ਤੇ ਨਿਰਮਲਾ ਨੂੰ ਤਕਸੀਮ ਕਰ ਦਿੱਤਾ ਗਿਆ ਇਹ ਮਾੜਾ ਵਕਤ ਸਾਡੀ ਮੁਹੱਬਤ ਨੂੰ ਨਿਗਲ ਗਿਆ ਮੇਰੀ ਭੈਣ ਇਕ ਕੁਆਰੀ ਧੀ ਭੈਣ ਨੂੰ ਰੋਲ ਦਿੱਤਾ ਗਿਆ[7]

ਨੋ ਮੈਨਜ ਲੈਂਡ, ਕਹਾਣੀ ਭਾਰਤੀ ਮੁੰਡੇ ਜੋਬਨਪ੍ਰੀਤ ਅਤੇ ਪਾਕਿ ਕੁੜੀ ਫਰਜਾਨਾ ਦੇ ਪਿਆਰ ਰਾਹੀਂ ਇਹ ਵਿਚਾਰ ਅਗਰਭੂਮਿਤ ਕਰਦੀ ਹੈ ਕਿ ਦੇਸ਼ ਵੰਡ ਤੋਂ ਬਾਅਦ ਲੋਕ ਆਪਸੀ ਨਫ਼ਰਤ ਭੁਲਾ ਕੇ ਇਕ-ਮਿਕ ਹੋ ਜਾਣਾ ਚਾਹੁੰਦੇ ਹਨ। ਦੇਸ਼ ਵੰਡ ਸਮੇਂ ਫ਼ਿਰਕੂ ਮਾਨਸਿਕਤਾ ਵਿਚ ਜਿੱਥੇ ਮੁਖ ਪਾਤਰ ਦੇ ਬਾਪ ਨੇ ਅਨੇਕਾਂ ਮੁਸਲਮਾਨਾਂ ਨੂੰ ਕਤਲ ਕੀਤਾ, ਉਥੇ ਉਸਦਾ ਮਾਮਾ ਵੀ ਮੁਸਲਮਾਨਾਂ ਹੱਥੋਂ ਮਾਰਿਆ ਜਾਂਦਾ ਹੈ। ਉਸਦਾ ਅਤੇ ਫਰਜਾਨਾਂ ਦਾ ਨਿਰਛਲ ਪਿਆਰ ਪੁਰਾਣੀਆਂ ਨਫ਼ਰਤਾਂ ਨੂੰ ਖ਼ਤਮ ਕਰਨਾ ਚਾਹੁੰਦਾ ਹੈ ਪਰ ਦੁਖਾਂਤ ਇਹ ਹੈ ਕਿ ਸੱਤਾਧਾਰੀਆਂ ਨੂੰ ਉਹਨਾਂ ਦੀ ਇਹ ਸਾਂਝ ਸਵੀਕਾਰ ਨਹੀਂ। ਉਹ ਅਜਿਹੇ ਮੇਲ ਜੋਲ ਪੈਦਾ ਕਰਨ ਵਾਲਿਆਂ 'ਤੇ ਜਾਸੂਸੀ ਦਾ ਇਲਜਾਮ ਲਗਵਾ ਕੇ ਮਰਵਾ ਦਿੰਦੇ ਹਨ ਤੇ ਉਨ੍ਹਾਂ ਦੀ ਮੌਤ ਨੂੰ ਆਤਮ ਹੱਤਿਆ ਦਾ ਨਾਮ ਦਿੱਤਾ ਜਾਂਦਾ ਹੈ।

ਧਾਰਮਿਕ ਅਤੇ ਜਾਤੀਗਤ ਕੱਟੜਤਾ ਭਾਰਤੀ ਸਮਾਜ ਦੀ ਬੱਜਰਤਾ ਅਤੇ ਸੰਕੀਰਨਤਾ ਦਾ ਦੁਖਦ ਪਹਿਲੂ ਹੈ ਵਰਗਵੰਡ ਅਤੇ ਧਾਰਮਿਕ ਸੰਪਰਦਾਇਕਤਾ ਵਰਗੇ ਅਮਾਨਵੀ ਪ੍ਰਤਿਮਾਨ ਭਾਰਤੀ ਲੋਕਾਂ ਦੇ ਅਵਚੇਤਨ ਦਾ ਹਿੱਸਾ ਬਣ ਚੁੱਕੇ ਹਨ। ਇਸ ਕੋਝੇ ਯਥਾਰਥ ਨੂੰ ਉੱਚ ਸਿੱਖਿਆ ਅਤੇ ਆਰਥਿਕ ਸਮਾਨਤਾ ਵਰਗੇ ਪ੍ਰਗਤੀਸ਼ੀਲ

ਬਦਲ ਵੀ ਮਨਫ਼ੀ ਨਹੀਂ ਕਰ ਸਕੇ। 'ਕਬਰ 'ਚ ਦਫ਼ਨ ਹਜਾਰ ਵਰ੍ਹੇ' ਅਤੇ 'ਗੌਰਜਾਂ' ਦੋਵੇਂ ਕਹਾਣੀਆਂ ਧਾਰਮਿਕ ਅਤੇ ਜਾਤੀਗਤ ਸੰਕੀਰਨਤਾ ਦੇ ਡੰਗੇ ਉਹਨਾਂ ਹੀ ਵਲ੍ਹੰਧਰੇ ਪਲਾਂ ਦੀਆਂ ਕਹਾਣੀਆਂ ਹਨ। 'ਗੌਰਜਾਂ' ਕਹਾਣੀ ਮੁੱਖ ਤੌਰ ਤੇ ਸਮਾਜਿਕ ਖੇਤਰ ਵਿਚ ਆਏ ਦਲਿਤ ਚੇਤਨਾ ਦੇ ਉਭਾਰ ਨੂੰ ਲੈ ਕੇ ਲਿਖੀ ਗਈ ਹੈ ਪਰੰਤੂ ਇਸ ਵਿਚ ਦਲਿਤ ਸਮੱਸਿਆ ਨਾਲ ਜੁੜਵੇਂ ਪੂੰਜੀਵਾਦੀ, ਪਰਵਾਸੀ, ਜਾਤੀ-ਜਮਾਤੀ ਅਤੇ ਸਿਆਸੀ ਚੇਤਨਾ ਦੇ ਪਾਸਾਰ ਵੀ ਜਾਤੀ-ਪ੍ਰਬੰਧ ਦੀ ਜਟਿਲਤਾ ਤੇ ਕਰੂਰਤਾ ਨੂੰ ਉਭਾਰਨ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਇਸ ਕਰਕੇ ਕਥਾਕਾਰ ਕਿਸੇ ਨਿਰਪੱਖ ਸੱਚ ਨੂੰ ਸਥਾਪਿਤ ਕਰਨ ਦੀ ਥਾਂ ਸਥਿਤੀ-ਸਾਪੇਖ ਸੱਚ ਦੀ ਹੋਂਦ ਵੱਲ ਸੰਕੇਤ ਕਰਦਾ ਹੈ। ਕਥਾ ਵਿਚ ਜੀਤੂ ਬਾਵੇ ਤੋਂ ਪਹਿਲਾਂ ਜੀਤਾ ਅਤੇ ਮੁੜ ਜਗਜੀਤ ਸਿੰਘ ਜਿਹੜਾ ਇਸ ਸਮੁੱਚੀ ਕਹਾਣੀ ਵਿਚ ਸਾਡੀ ਸਭਿਆਚਾਰਕ ਤੇ ਸਮਾਜਿਕ ਦਰਿੰਦਗੀ ਦਾ ਸ਼ਿਕਾਰ ਹੁੰਦਾ ਹੈ। ਬੇਸ਼ਕ ਉਹ ਕਿੰਨਾ ਹੀ ਸਭਿਅਕ, ਸਾਊ, ਈਮਾਨਦਾਰ ਤੇ ਮਿਹਨਤੀ ਹੈ ਪਰੰਤੂ ਸਾਡੇ ਸਮਾਜ ਵਿਚ ਵਿਅਕਤੀ ਨੂੰ ਪਰਖਣ ਦੇ ਜਾਵੀਏ ਜਾਤ-ਪਾਤ ਨਜ਼ਰੀਏ ਅਨੁਸਾਰ ਹਨ।

> "ਨੀ ਧੰਨੋਂ ਕੀ ਗੱਲ ਐ। ਆਹ ਆਲੇ-ਦੁਆਲੇ ਦੀ ਬੜੀ ਸਜਾਵਟ ਕੀਤੀ ਹੋਈ ਹੈ। ਕਿਸੇ ਮੰਤਰੀ ਨੇ ਆਉਣਾ।
>
> ਕਾਹਨੂੰ ਚਿੰਤੀਏ, ਅੱਜ ਗੌਰਜਾਂ  ਸਮਝੀ ਨ੍ਹੀਂ। ਜੀਤੂ ਬਾਵੇ ਦੀ ਕੁੜੀ ਦਾ ਆਸਟ੍ਰੇਲੀਆ ਰਿਸ਼ਤਾ ਹੋਣ ਲੱਗਾ ਐ। ਗੌਰਜਾਂ ਜੀਤੂ ਬਾਵੇ ਦੀ ਕੁੜੀ' ਸੁਣ ਕੇ ਮੇਰੀ ਹਾਲਤ ਪਾਗਲਾਂ ਵਰਗੀ ਹੋ ਗਈ ਹੈ। ਮੇਰੇ ਤੋਂ ਸੁਣ ਨ੍ਹੀਂ ਹੋਇਆ। ਮੈ ਭੱਜ ਕੇ ਅੰਦਰ ਵੜ ਗਿਆ ਹਾਂ। ਭੁੱਬਾਂ ਮਾਰ ਕੇ ਰੋਣ ਲੱਗ ਪਿਆ ਹਾਂ।[8]

ਕਹਾਣੀ ਪੰਜਾਬੀ ਸਮਾਜ ਵਿਚ ਦਲਿਤ ਮਨੁੱਖ ਦੇ ਮਨੋ-ਸਰੀਰਕ ਸ਼ੋਸ਼ਣ ਅਤੇ ਤ੍ਰਿਸਕਾਰ ਦਾ ਗਲਪੀ ਚਿੱਤਰ ਉਸਾਰਦੀ ਹੈ। ਅਜੋਕੀ ਰਾਜਸੀ ਵਿਵਸਥਾ ਦਲਿਤ-ਚੇਤਨਾ ਨੂੰ ਵਰਤ ਤਾਂ ਰਹੀ ਹੈ ਪਰ ਦਲਿਤਾਂ ਦਾ ਉਥਾਨ ਉਸਦਾ ਮੰਤਵ ਨਹੀਂ।[9] ਅਜਿਹੇ ਹੀ ਧਰਾਤਲ 'ਤੇ ਉਸਰੀ ਕਹਾਣੀ 'ਕਬਰ 'ਚ ਦਫ਼ਨ ਹਜਾਰ ਵਰ੍ਹੇ' ਮਨੁੱਖ ਦੇ ਸਮਾਜਕ, ਨੈਤਿਕ ਚਰਿਤਰ ਵਿਕਾਸ ਦੇ ਰਾਹ ਵਿਚ ਧਾਰਮਿਕ ਮੂਲਵਾਦ ਤੇ ਕੱਟੜ ਮਾਨਸਿਕਤਾ ਵਾਲੀਆਂ ਫ਼ਿਰਕੂ ਸੋਚਾਂ ਦੀ ਰੁਕਾਵਟ ਨੂੰ ਆਪਣੇ ਕਥਾਨਕ ਵਿਚ ਪੇਸ਼ ਕਰਦੀ ਹੈ। ਇਸ ਫ਼ਿਰਾਕਪ੍ਰਸਤੀ ਦੀਆਂ ਜੜ੍ਹਾਂ ਭਾਰਤੀ ਮਨੁੱਖ ਦੇ ਅਵਚੇਤਨ ਦਾ ਹਿੱਸਾ ਹਨ ਜਿਹਨਾਂ ਨੂੰ ਇਤਿਹਾਸ ਦੇ ਅਨੇਕਾਂ ਪ੍ਰਸੰਗਾਂ ਨੇ ਸੰਪਰਦਾਇਕਤਾ ਦੇ ਜ਼ਹਿਰ ਨਾਲ ਸਿੰਜਿਆ ਹੈ।

ਸਿੱਧੂ ਦੀ ਕਹਾਣੀ ਦੀ ਵਿਲੱਖਣਤਾ ਦਾ ਸੂਤਰ ਇਹ ਵੀ ਹੈ ਕਿ ਉਹ ਤਰਕਸ਼ੀਲ ਲਹਿਰ ਨਾਲ ਜੁੜਿਆ ਹੋਇਆ ਅਤੇ ਵਿਗਿਆਨਕ ਫ਼ਲਸਫ਼ੇ ਦਾ ਹਮਾਇਤੀ ਹੈ ਉਸ ਲਈ ਪਰੰਪਰਾਗਤ ਪ੍ਰਤਿਮਾਨ ਅੱਖਾਂ ਬੰਦ ਕਰਕੇ ਧਾਰਨ ਕਰਨ ਵਾਲੀ ਵਸਤ ਨਹੀਂ ਸਗੋਂ ਉਸਦਾ ਤਰਕਵਾਦੀ ਨਜ਼ਰੀਆ ਹਰ ਵਰਤਾਰੇ ਦੀ ਪਿੱਠਭੂਮੀ ਦੀ ਫੋਲਾ-ਫਾਲੀ ਕਰ, ਉਸਦੀ ਪ੍ਰਸੰਗਕਿਤਾ ਅਤੇ ਮਹੱਤਤਾ ਤੋਂ ਜਾਣੂ ਹੋਣ ਵੱਲ ਰੁਚਿਤ ਹੈ। ਅਜਿਹੇ ਸਰੋਕਾਰਾਂ ਦੀ ਪੇਸ਼ਕਾਰੀ ਕਰਨ ਵਾਲੀਆਂ ਕਹਾਣੀਆਂ ਕਿਊਟਾ-ਕਿਊਟਾ ਤਾਰੇ-ਤਾਰੇ, ਅੰਨ੍ਹੇ-ਸੁਜਾਖੇ, ਦਿੱਲੀ ਦੇ ਕਿੰਗਰੇ, ਦਾ ਲੈਨਿਨਜ ਫਰੌਮ ਕਲੌਨ ਵੈਲੀ, ਸਿੱਧੇ ਤੌਰ 'ਤੇ ਵਿਗਿਆਨਕ ਤਰਕਪੱਧਤੀਆਂ ਨੂੰ ਸਹਿਜੇ ਹੀ ਆਪਣਾ ਰਚਨਾ ਵਸਤੂ ਬਣਾਉਂਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਕਥਾਕਾਰ ਦੁਆਰਾ ਵਿਗਿਆਨਿਕ ਤੇ ਵਰਣਾਨਤਮਕ ਢੰਗ ਨਾਲ ਵਿਹਾਰਕੀ ਪੈਰਾਡਾਈਮ ਤੋਂ ਪਾਠਕ ਨੂੰ ਵਿਗਿਆਨਕ ਫ਼ਲਸਫ਼ੇ ਵੱਲ ਪ੍ਰੇਰਿਤ ਕੀਤਾ ਗਿਆ ਹੈ। 'ਦਿੱਲੀ ਦੇ ਕਿੰਗਰੇ' ਕਹਾਣੀ ਦੇ ਕਥਾ ਪਾਠ ਵਿਚ ਮਨੁੱਖ ਦੇ ਭਲੇ ਲਈ ਸਾਹਮਣੇ ਆਏ ਵਿਗਿਆਨ ਨੂੰ ਮਨੁੱਖ ਨੇ ਕਿਵੇਂ ਲੋਕਾਂ ਦੀ ਤਬਾਹੀ ਦਾ ਸਾਧਨ ਬਣਾ ਲਿਆ ਹੈ। ਵਿਗਿਆਨ ਚਾਹੇ ਕੁਝ ਵੀ ਕਰਨ ਦੇ ਸਮਰੱਥ ਹੋ ਗਿਆ ਹੈ ਪਰ ਉਹ ਮਨੁੱਖ ਦੇ ਬੁਨਿਆਦੀ ਲੱਛਣ ਤੇ ਅਸਰ ਅੰਦਾਜ ਨਹੀਂ ਹੋ ਸਕਦਾ। ਇਨਕਲਾਬੀ ਗੱਲ ਤਾਂ ਬੰਦੇ ਦੇ ਜੀਨ ਵਿਚ ਪਈ ਹੁੰਦੀ ਹੈ। ਇਸਨੂੰ ਕੋਈ ਵਿਗਿਆਨ ਨਹੀਂ ਬਦਲ ਸਕਦਾ। ਫੈਂਟਸੀ ਦੀ ਵਿਧੀ ਨਾਲ ਲਿਖੀ ਗਈ ਇਸ ਕਹਾਣੀ ਵਿਚ ਇਕ ਇਨਕਲਾਬੀ ਦੇ ਦਿਮਾਗ ਦੀਆਂ ਸਾਰੀਆਂ ਗੱਲਾਂ ਇਕ ਟੇਪ ਤੋਂ ਦੂਜੀ 'ਚ ਭਰਨ ਵਾਂਗ ਦੂਜੇ ਬੰਦੇ ਦੇ ਦਿਮਾਗ ਵਿਚ ਭਰ ਦਿੱਤੀਆਂ ਹਨ । ਦੂਜਾ ਬੰਦਾ ਫੇਰ ਵੀ ਪੁਲਿਸ ਲਈ ਭੇਤ ਬਣ ਜਾਂਦਾ ਹੈ ਉਹ ਇਨਕਲਾਬੀ ਭੇਤ ਦੱਸਣ ਤੋਂ ਇਨਕਾਰੀ ਹੈ। 'ਅੰਨੇ-ਸੁਜਾਖੇ' ਅਤੇ 'ਦਾ ਲੈਨਿਨਜ ਫਰੌਮ ਕਲੌਨ ਵੈਲੀ' ਵਿਚ ਵੀ ਮਨੁੱਖ ਨੂੰ ਵਿਗਿਆਨਕ ਤਕਨੀਕ ਬਾਰੇ ਜਾਣੂ ਕਰਵਾਇਆ ਹੈ। 'ਸਿੱਧੂ ਦੀਆਂ ਕਹਾਣੀਆਂ ਦਾ ਪਾਠ ਦਰਸਾਉਂਦਾ ਹੈ ਕਿ ਸਮਕਾਲੀ ਪੰਜਾਬੀ ਕਹਾਣੀ ਤਕਨੀਕ ਦੇ ਨਵੇਂ ਰਾਹ ਖੋਜ ਰਹੀ ਹੈ ਇਨ੍ਹਾਂ ਕਹਾਣੀਆਂ ਵਿਚ ਅਹਿਮ ਪਹਿਲੂ ਉਤਮ-ਪੁਰਖੀ ਬਿਰਤਾਂਤਕਾਰ ਦਾ ਹਾਜ਼ਰ ਰਹਿਣਾ ਹੈ। ਆਮ ਕਰਕੇ ਉਤਮ-

ਪੁਰਖੀ ਬਿਰਤਾਂਤ ਸ਼ੈਲੀ ਦੀਆਂ ਕਹਾਣੀਆਂ ਵਿਚ ਨਾਇਕ-ਬਿਰਤਾਂਤਕਾਰ ਲੇਖਕ ਆਪ ਹੀ ਹੁੰਦਾ ਹੈ ਪਰ ਇਸ ਕਹਾਣੀਕਾਰ ਨੇ ਇਸਨੂੰ ਇਕ ਵਿਧੀ ਵਜੋਂ ਵਰਤਿਆ।'[10]

ਸੋ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਅਜਮੇਰ ਸਿੱਧੂ ਦੀਆਂ ਕਹਾਣੀਆਂ ਦੇ ਕਥਾ ਪਾਠ ਵਿਚ ਬੜੇ ਰੌਚਕ ਢੰਗ ਨਾਲ ਬਿਰਤਾਂਤ ਦੀਆਂ ਅਜਿਹੀਆਂ ਮਹੀਨ ਪਰਤਾਂ ਨੂੰ ਫੋਲਿਆ ਗਿਆ ਹੈ ਕਿ ਕਥਾ ਦੇ ਮੁੱਖ ਪਾਠ ਵਿਚੋਂ ਅੱਗੇ ਹੋਰ ਕਈ ਪਾਠ ਖੁਲਦੇ ਹਨ। ਜਿਸ ਨਾਲ ਆਰੰਭ ਤੋਂ ਲੈ ਕੇ ਅੰਤ ਤਕ ਪਾਠਕਾਂ ਵਿਚ ਉਤਸੁਕਤਾ ਬਣੀ ਰਹਿੰਦੀ ਹੈ। ਸਿੱਧੂ ਦੀਆਂ ਕਹਾਣੀਆਂ ਦੇ ਮੁੱਖ ਪਾਤਰ ਆਮ ਤੌਰ ’ਤੇ ਮੱਧ ਵਰਗ ਜਾਂ ਨਿਮਨ ਵਰਗ ਨਾਲ ਸੰਬੰਧਿਤ ਹੁੰਦੇ ਹਨ ਤੇ ਉਹਨਾਂ ਦੀ ਸੰਵੇਦਨਸ਼ੀਲ ਦ੍ਰਿਸ਼ਟੀ ਹਾਸ਼ੀਏ ਤੇ ਵਿਚਰਦੇ ਲੋਕਾਂ ਦੇ ਸੰਕਟਮਈ ਪਹਿਲੂ ਉਜਾਗਰ ਕਰਨ ਨਾਲ ਜੁੜੀ ਹੈ।

**ਹਵਾਲੇ :**


1. ਡਾ. ਜਸਵਿੰਦਰ ਸਿੰਘ, ਅਵਚੇਤਨੀ ਸੰਸਾਰ ਦਾ ਚਤੇਰਾ (ਸੰਪਾ.) ਬਲਵੀਰ ਕੌਰ ਰੀਹਲ, **ਅਜਮੇਰ ਸਿੱਧੂ ਦਾ ਕਥਾ ਸੰਸਾਰ**, ਪੰਨਾ 1.
2. ਡਾ. ਬਲਦੇਵ ਸਿੰਘ ਧਾਲੀਵਾਲ, ਖੁਸ਼ਕ ਅੱਖ ਦਾ ਖ਼ਾਬ : ਸਾਮਰਾਜਵਾਦੀ ਜਾਲ 'ਚ ਫਾਥੇ ਪੰਜਾਬ ਦਾ ਬਿਰਤਾਂਤ (ਸੰਪਾ.) ਬਲਵੀਰ ਕੌਰ ਰੀਹਲ, **ਅਜਮੇਰ ਸਿੱਧੂ ਦਾ ਕਥਾ ਸੰਸਾਰ**, ਪੰਨਾ 127.
3. ਅਜਮੇਰ ਸਿੱਧੂ, **ਸ਼ਾਇਦ ਰੰਮੀ ਮੰਨ ਜਾਏ ਤੇ ਹੋਰ ਕਹਾਣੀਆਂ**, (ਸੰਪਾ) ਰਮਿੰਦਰ ਕੌਰ, ਪੰਨਾ 28.
4. **ਉਹੀ**, ਪੰਨਾ 40.
5. **ਉਹੀ**, ਪੰਨਾ 149.
6. **ਉਹੀ**, ਪੰਨਾ 166.
7. **ਉਹੀ**, ਪੰਨਾ 132.
8. **ਉਹੀ**, ਪੰਨਾ 227.
9. ਡਾ. ਸੁਰਜੀਤ ਸਿੰਘ, ਵਰਤਮਾਨ ਮੁਲਾਂਕਣੀ ਸੰਦਰਭ ਅਤੇ ਅਜਮੇਰ ਸਿੱਧੂ ਦੀ ਕਹਾਣੀ, (ਸੰਪਾ.) ਬਲਵੀਰ ਕੌਰ ਰੀਹਲ, **ਅਜਮੇਰ ਸਿੱਧੂ ਦਾ ਕਥਾ ਸੰਸਾਰ**, ਪੰਨਾ 55.
10. ਡਾ. ਰਜਿੰਦਰਪਾਲ ਸਿੰਘ ਬਰਾੜ, ਨਚੀਕੇਤਾ ਦੀ ਮੌਤ : ਲੀਹ ਪਾੜਨ ਦੇ ਸਮਰੱਥ ਕਹਾਣੀ ਸੰਗ੍ਰਹਿ, (ਸੰਪਾ.) ਬਲਵੀਰ ਕੌਰ ਰੀਹਲ, **ਅਜਮੇਰ ਸਿੱਧੂ ਦਾ ਕਥਾ ਸੰਸਾਰ**, ਪੰਨਾ 40.


◈